This question paper contains 3 printed pages]

*Your Roll No.* ..........................

**5066**

**B.Com./I** **E**

Paper V—PUNJABI (B)

(Admission of 2006 and onwards)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. A). These marks will, however, be scaled up proportionately in respect of the students of NCWEB at the time of posting of awards for compilation of result.

ਨੋਟ:- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਉਦਾਹਰਣਾਂ ਦੇ ਕੇ ਵਿਆਖਿਆ ਕਰੋ ਕਿ 'ਗ ਤੇ ਘ', 'ਜ ਤੇ ਝ', 'ਡ ਤੇ ਢ', 'ਦ ਤੇ ਧ' ਅਤੇ 'ਬ ਤੇ ਭ' ਨੂੰ ਇਕ ਦੂਜੇ ਦੀ ਥਾਂ ਵਰਤਣ ਨਾਲ ਅਰਥ-ਭੇਦ ਹੋ ਜਾਂਦਾ ਹੈ।

ਜਾਂ

ਲਗਾਖਰ ਤੋਂ ਕੀ ਭਾਵ ਹੈ? ਇਹ ਕਿੰਨੇ ਹੁੰਦੇ ਹਨ, ਉਦਾਹਰਣਾਂ ਦੇ ਕੇ ਸਮਝਾਓ? **10**

2. ੳ) ਹੇਠ ਲਿਖੇ ਵਾਕਾਂ 'ਚੋਂ ਕੋਈ ਦੋ ਵਾਕਾਂ ਦੇ ਲਿੰਗ ਬਦਲੋ:-

   i. ਦਾਦੀ ਕਹਾਣੀ ਸੁਣਾ ਰਹੀ ਹੈ।

   ii. ਮੁੰਡਿਆਂ ਦਾ ਟੋਲਾ ਦੌੜ ਗਿਆ।

   iii. ਰਿੱਛ ਨੂੰ ਫੜ ਲਿਆ ਹੈ।

   ਅ) ਹੇਠ ਲਿਖੇ ਵਾਕਾਂ 'ਚੋਂ ਕੋਈ ਦੋ ਵਾਕਾਂ ਦੇ ਵਚਨ ਬਦਲੋ:-

   i. ਕਵੀ ਨੇ ਕਵਿਤਾ ਪੇਸ਼ ਕੀਤੀ।

   ii. ਮੋਰ ਪੈਲ ਪਾ ਰਿਹਾ ਹੈ।

   iii. ਮੇਰੀਆਂ ਅੱਖਾਂ ਦੁੱਖ ਰਹੀਆਂ ਹਨ। **4×2½=10**

3. ਅਣਡਿੱਠਾ ਪੈਰ੍ਹਾ:

ਗੁਰੂ ਅਰਜਨ ਦੇਵ ਜੀ ਸਿੱਖ ਪੰਥ ਦੇ ਮਹਾਨ ਉਸਰੀਏ ਸਨ; ਜਿਨ੍ਹਾਂ ਨੇ ਆਪਣੇ ਅਣਥੱਕ ਯਤਨਾਂ ਦੁਆਰਾ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਨੂੰ ਸੰਪਾਦਿਤ ਕੀਤਾ ਅਤੇ ਇਸ ਅਰਸ਼ੀ ਬਾਣੀ ਨੂੰ ਹਰ ਤਰ੍ਹਾਂ ਦੇ ਰਲੇ ਤੋਂ ਬਚਾਇਆ। ਆਪ ਨੇ ਸਿੱਖਾਂ ਵਿਚ ਦਸਵੰਧ ਕੱਢਣ ਦੀ ਪ੍ਰਥਾ ਚਲਾਈ, ਇਹ ਰਕਮ ਮਸੰਦਾਂ ਰਾਹੀਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਪੁਚਾਈ ਜਾਂਦੀ ਸੀ। ਜਿਸ ਨਾਲ ਆਪ ਭਵਨ ਉਸਾਰੀ ਆਦਿ ਦੇ ਕਾਰਜ ਕਰਿਆ ਕਰਦੇ ਸਨ। ਆਪ ਨੇ 1589 ਈ. ਨੂੰ ਅੰਮ੍ਰਿਤਸਰ ਵਿਚ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਨੂੰ ਬਣਾਇਆ। ਆਪ ਨੇ ਸਿੱਖੀ ਪ੍ਰਚਾਰ ਕਰਦਿਆਂ ਤਰਨਤਾਰਨ, ਕਰਤਾਪੁਰ ਤੇ ਸ੍ਰੀ ਹਰਿਗੋਬਿੰਦਪੁਰ ਆਦਿ ਨਗਰਾਂ ਨੂੰ ਵਸਾਇਆ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੇ ਧਰਮ ਤੇ ਚਲਦਿਆਂ ਹੋਇਆਂ ਨਾ ਕੇਵਲ ਆਪਣਾ ਉਪਦੇਸ਼ 'ਚਹੁ ਵਰਨਾ ਕਉ ਸਾਝਾ' ਦਿੱਤਾ। ਸਗੋਂ ਸਿੱਖਾਂ ਦੇ ਮਹਾਨ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫਕੀਰ ਮੀਆਂ ਮੀਰ ਪਾਸੋਂ ਰਖਵਾਈ। ਆਪ ਰੋਗੀਆਂ ਦੇ ਦਰਦੀ ਸਨ। ਆਪ ਨੇ ਕੋਹੜੀਆਂ ਦੀ ਦੇਖਭਾਲ ਲਈ ਤਰਨਤਾਰਨ ਵਿਚ ਇਕ ਆਸ਼ਰਮ ਖੋਲਿਆ ਜੋ ਹੁਣ ਤੱਕ ਚੱਲ ਰਿਹਾ ਹੈ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

i. ਢੁੱਕਵਾਂ ਸਿਰਲੇਖ ਦਿਉ।
ii. ਗੁਰੂ ਅਰਜਨ ਦੇਵ ਜੀ ਨੇ ਕਿਹੜੀ ਪ੍ਰਥਾ ਚਲਾਈ?
iii. ਗੁਰੂ ਅਰਜਨ ਦੇਵ ਜੀ ਨੇ ਕਿਹੜੇ ਕਿਹੜੇ ਨਗਰ ਵਸਾਏ?
iv. ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਤੋਂ, ਕਦੋਂ ਤੇ ਕਿਥੇ ਕਰਵਾਈ ਗਈ? **10**

4. ਉਪਮਾ ਅਤੇ ਅੱਤਕਥਨੀ ਅਲੰਕਾਰ ਵਿਚਲਾ ਅੰਤਰ ਉਦਾਹਰਣਾਂ ਸਹਿਤ ਸਪੱਸ਼ਟ ਕਰੋ।

ਜਾਂ

ਅਲੰਕਾਰ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਿਚਾਰ ਕਰੋ। **10**

5. ਹੇਠ ਲਿਖੇ ਮੁਹਾਵਰਿਆਂ 'ਚੋਂ ਕੋਈ ਪੰਜ ਨੂੰ ਵਾਕਾਂ ਵਿਚ ਵਰਤੋਂ:-

i. ਗਲ ਪਿਆ ਢੋਲ ਵਜਾਉਣਾ।
ii. ਗਿਰਗਟ ਵਾਂਗ ਰੰਗ ਬਦਲਣਾ।
iii. ਘੋੜੇ ਵੇਚ ਕੇ ਸੌਣਾ।
iv. ਛਾਤੀ ਤੇ ਮੂੰਗ ਦਲਣਾ।
v. ਡੇਢ ਪਾ ਖਿੱਚੜੀ ਵੱਖ ਰਿੰਨ੍ਹਣੀ।
vi. ਪੈਰ ਧੋ ਧੋ ਪੀਣੇ। **10**

6. ਹੇਠ ਲਿਖੇ 'ਰੇਖਾ ਚਿੱਤਰਾਂ' ਅਤੇ 'ਹਲਕੇ ਲੇਖਾਂ' ਵਿਚੋਂ ਕਿਸੇ ਇਕ ਬਾਰੇ ਆਪਣੇ ਵਿਚਾਰ ਲਿਖੋ:-

i. ਗੱਪ-ਬਾਜ

ii. ਝੂਠ ਤੇ ਸੱਚ

iii. ਮਨੁੱਖ ਕੁਦਰਤ ਦੀ 'ਨੇਕ ਔਲਾਦ' ਨਹੀ'

iv. ਪੂਰਨ ਸਿੰਘ

v. ਗੰਡਾ ਸਿੰਘ 25